**Shikshan Sanshodhan** : Journal of Arts, Humanities and Social Sciences ISSN: 2581-6241
Monthly, Peer-Reviewed, Refereed, Indexed Journal Impact Factor: 5.146
Volume - 5, Issue - 10, October - 2022 Publication Date: 31/10/2022

DOIs:10.2018/SS/202210007 --:-- Research Article

# ਬੁੱਢੀ ਹੋ ਚੁੱਕੀ ਜਗਿਆਸਾ ਤੇ ਖੁੰਢੇ ਹੋ ਚੁੱਕੇ ਪ੍ਰਤੱਖਣ ਦਾ ਸੰਤਾਪ ਭੋਗਦਾ ਦਲਿਤ ਵਰਗ (ਦਲਿਤ ਪਛਾਣ ਦੇ ਮਸਲੇ : ਛਾਂਗਿਆ ਰੁੱਖ)

**ਜਗਸੀਰ ਕੌਰ**
ਪੀ.ਐਚ. ਡੀ., ਵਿਭਾਗ – ਪੰਜਾਬੀ, ਯੂਨੀਵਰਸਿਟੀ ਕਾਲਜ ਆਫ਼ ਬੇਸਿਕ
ਵਿਗਿਆਨ ਅਤੇ ਮਨੁੱਖਤਾ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)
ਈਮੇਲ :- jassbrarsidhu@gmail.com

ਸਵੈਜੀਵਨੀ ਅਜਿਹੀ ਵਿਧਾ ਹੈ ਜਿਸ ਵਿਚ ਮਨੁੱਖ ਆਪਣੇ ਅਵਚੇਤਨ ਵਿਚਲੀਆਂ ਯਾਦਾਂ ਨਾਲ ਪਾਠਕ ਨਾਲ ਸਾਂਝ ਸਿਰਜਦਾ ਹੈ। ਇਹ ਯਾਦਾਂ ਕਈ ਥਾਵਾਂ ਤੇ ਮਿੱਠੀਆਂ ਹੁੰਦੀਆਂ ਅਤੇ ਕਈ ਥਾਵਾਂ ਤੇ ਕੌੜੀਆਂ ਤੇ ਜਹਿਰੀਲੀਆਂ। ਕੌੜੀਆਂ ਅਤੇ ਜਹਿਰੀਲੀਆਂ ਰਚਨਾਵਾਂ ਦਾ ਕਰਤਾ ਉਹ ਵਰਗ ਹੁੰਦਾ ਹੈ ਜੋ ਸਮਾਜ ਦੇ ਤ੍ਰਿਸਕਾਰੇ ਹਿੱਸੇ ਵਿਚ ਪੈਦਾ ਹੁੰਦਾ ਹੈ। ਇਨ੍ਹਾਂ ਲੇਖਕਾਂ ਦੇ ਹਿੱਸੇ ਬੇਹੱਦ ਇਕੱਲਾ ਅਤੇ ਵਿਯੋਗਿਆ ਜੀਵਨ ਆਇਆ ਹੈ। ਦਲਿਤ ਸਵੈਜੀਵਨੀ ਦਲਿਤ ਸੰਕਟ ਦੀ ਗੱਲ ਕਰਦੀ ਹੈ। ਸਾਡੇ ਸਾਮਜ ਵਿਚ ਜੋ 'ਭਿੱਟ` ਦਾ ਸੰਕਲਪ ਸਦੀਆਂ ਤੋਂ ਚੱਲਿਆ ਆ ਰਿਹਾ ਹੈ। ਇਸ ਸੰਕਲਪ ਨੇ ਸਮਾਜ ਦੇ ਇਸ ਵਰਗ ਦਾ ਆਪਾ ਬੁਰੀ ਤਰ੍ਹਾਂ ਜਖਮੀ ਕਰ ਦਿੱਤਾ ਹੈ। ਦਲਿਤ ਸਾਹਿਤ ਵਿਚ ਇਸ ਜ਼ਖਮੀ ਆਪੇ ਦੀ ਪੇਸ਼ਕਾਰੀ ਹੋਈ ਹੈ।

ਹਰ ਸਵੈਜੀਵੀਨੀ ਭੋਗੇ ਹੋਏ ਯਥਾਰਥ ਦਾ ਸਵੈ ਪ੍ਰਗਟਾਵਾ ਹੁੰਦੀ ਹੈ। ਇਹ ਯਥਾਰਥ ਦਾ ਰੂਪਾਂਤਰਣ ਹੁੰਦਾ ਹੈ। ਇਹ ਯਥਾਰਥ ਦਾ ਰੂਪਾਂਤਰਣ ਮਖਾਣਿਆਂ ਵਰਗਾ ਮਿੱਠਾ ਨਹੀਂ ਹੁੰਦਾ ਤੇ ਨਾ ਹੀ ਕੋਮਲ ਤੇ ਖੁਸ਼ ਗਵਾਰ। ਇਹ ਸਵੈ ਅਨੁਭਵ ਧਰਤੀ ਤੇ ਵਸਦੇ ਹਰ ਵਸਿੰਦੇ ਦਾ ਸਵੈ-ਅਨੁਭਵ ਹੈ ਜੋ ਹਾਸ਼ੀਆਗਤ ਹੈ। ਉੱਚ ਜਾਤੀ ਦੇ ਲੋਕ ਹਾਸ਼ੀਏ ਤੇ ਪੱਕੇ ਲੋਕਾਂ ਨੂੰ ਆਪਣੇ ਭਾਂਡਿਆਂ ਨੂੰ ਹੱਥ ਤੱਕ ਨਹੀਂ ਲਾਉਣ ਦਿੰਦੇ। ਜਾਤ ਪਾਤ ਦੇ ਸੰਸਕਾਰ ਇਨ੍ਹਾਂ ਉੱਚੀਆਂ ਜਾਤੀਆਂ ਦੇ ਮਲਾਂ ਵਿਚ ਇੰਨੇ ਡੂੰਘੇ ਉੱਕਰੇ ਪਏ ਹਨ ਕਿ ਇਹ ਲੋਕ ਭਾਵੇ ਮੰਗਤੇ ਤੱਕ ਕਿਉਂ ਨਾ ਹੋਣ ਪਰ ਅਪਣੀ ਜਾਤੀ ਉੱਚਤਾ ਦੀ ਹਉਮੈਂ ਨਹੀਂ ਛੱਡਦੇ। ਦੂਜੇ ਪਾਸੇ ਨੀਵੀਂ ਜਾਤੀ ਵਿਚ ਕੋਈ ਕਿੱਡਾ ਵੀ ਅਫ਼ਸਰ ਕਿਉਂ ਨਾ ਬਣ ਜਾਵੇ, ਉਸ ਦੇ ਮਨ ਵਿਚ ਜਾਤ ਪ੍ਰਤੀ ਹੀਣ ਭਾਵਨਾ ਜਰੂਰ ਰੜਕਦੀ ਰਹਿੰਦੀ ਹੈ। ਇਸ ਪਾੜੇ ਨੂੰ ਮਿਟਾਉਣ ਲਈ ਸਮਾਜਿਕ ਸਭਿਆਚਾਰਕ ਇਨਕਲਾਬ ਦੀ ਜਰੂਰਤ ਹੈ। ਦਲਿਤਾਂ ਨਾਲ ਅੱਜ ਵੀ ਵਿਤਕਰਾ ਕੀਤਾ ਜਾਂਦਾ ਹੈ। ਅਜਿਹੀਆਂ ਸਥਿਤੀਆਂ ਦੀ ਸਿਰਜਣਾ ਬਲਵੀਰ ਮਾਧੋਪਰੀ ਦੀ 'ਛਾਂਗਿਆ ਰੁੱਖ` ਹੈ। ਮਾਧੋਪੁਰੀ ਨੇ ਪੰਜਾਬੀ ਵਿਚ ਜਾਤੀ-ਪਾਤੀ ਵਿਤਕਰੇ ਦਾ ਦਰਦ ਅਸਲ ਰੂਪ ਵਿਚ ਪੇਸ਼ ਕੀਤਾ ਹੈ। ਇਹ ਸਵੈ-ਜੀਵਨੀ ਪੰਜਾਬ ਦੇ ਦਲਿਤ ਭਾਈਚਾਰੇ ਦੇ ਚਰਿੱਤਰ, ਔਕੜਾਂ, ਭਿੱਟ ਦੇ ਮਸਲਿਆਂ ਨੂੰ ਬਾਖੂਬੀ ਪੇਸ਼ ਕਰਦੀ ਹੈ। ਮਾਧੋਪੁਰੀ ਨੇ ਇਸ ਸੰਤਾਪ ਨੂੰ ਖੁਦ ਹੰਢਾਇਆ ਹੈ ਇਸ ਕਰਕੇ ਇਹ ਸਮਕਾਲੀ ਵਾਸਤਵਿਕਤਾ ਦੇ ਵਧੇਰੇ ਨੇੜੇ ਹੈ।

ਲੇਖਕ ਸਵੈ-ਜੀਵਨੀ ਵਿਚ ਛੂਤ-ਛਾਤ ਦੇ ਕਲੰਕ ਨੂੰ ਪੇਸ਼ ਕਰਦਾ ਹੈ ਜੋ ਜ਼ਿੰਦਗੀ ਦੇ ਛੋਟੇ-ਛੋਟੇ ਕਾਰ-ਵਿਹਾਰਾਂ ਵਿਚ ਸਮਾਇਆ ਹੋਇਆ ਹੈ। ਆਜਾਦੀ ਦੇ ਇੰਨੇ ਵਰ੍ਹੇ ਬੀਤ ਜਾਣ ਤੇ ਵੀ ਸਿਰਫ ਲਫ਼ਜਾਂ ਦਾ ਹੀ ਹੇਰ-ਫੇਰ ਹੋਇਆ ਹੈ। ਜਿਵੇਂ ਅਛੂਤਾਂ ਤੋਂ ਅਨੁਸੂਚਿਤ ਜਾਤੀਆਂ ਮੁਸ਼ਕਿਲਾਂ ਅਤੇ ਔਕੜਾਂ ਦੇ ਬਾਵਜੂਦ ਵੀ ਦਲਿਤਾਂ ਵਿਚ ਆ ਰਹੀ ਚੇਤਨਤਾ ਨੂੰ ਲੇਖਕ ਨੇ ਬੜੀ ਬਾਰੀਕੀ ਨਾਲ ਪੇਸ਼ ਕੀਤਾ ਹੈ। ਮਾਧੋਪੁਰੀ ਨੇ ਆਪਣੇ ਜੀਵਨ ਦੇ ਲਗਭਗ 45 ਕੁ ਸਾਲਾਂ ਰਾਹੀਂ ਦਲਿਤ ਜੀਵਨ ਦੇ ਅੰਦਰਲੇ ਸੱਚ ਅਤੇ ਮਨੋਭਾਵਾਂ ਨੂੰ ਚਿਤਰਿਆ ਹੈ। 'ਛਾਂਗਿਆ ਰੁੱਖ` ਸਵੈਜੀਵਨੀ 21 ਉਪ ਭਾਗਾਂ ਵਿਚ ਵੰਡੀ ਹੋਈ ਹੈ। ਇਸ ਵਿਚ ਦਲਿਤ ਜਾਤੀਆਂ ਦੇ ਕੰਮ, ਨਾਮ, ਜ਼ਿੰਮੀਦਾਰਾਂ ਨਾਲ ਸੰਬੰਧਿਤ ਵੇਰਵੇ ਆਦਿ ਰਾਹੀਂ ਦੁਆਬੇ ਦੀ ਜ਼ਿੰਦਗੀ ਨੂੰ ਸਪੱਸ਼ਟ ਕੀਤਾ ਗਿਆ ਹੈ। ਦਲਿਤ ਲੋਕਾਂ ਨੂੰ ਨਹਾ ਧੋ ਕੇ ਤੇ ਸਾਫ ਕਪੜੇ ਪਹਿਨਣ ਦਾ ਵੀ ਹੱਕ ਨਹੀਂ ਸੀ। ਉੱਚ ਵਰਗ ਉਹਨਾਂ ਦਾ ਵਿਰੋਧ ਕਰਦਾ ਸੀ। ਪੰਜਾਬ ਦੇ ਜ਼ਿੰਮੀਦਾਰ ਦਲਿਤਾਂ ਨਾਲ ਅਛੂਤਾਂ ਵਾਲਾ ਵਿਵਹਾਰ ਕਰਦੇ ਸਨ। ਉਹਨਾਂ ਤੋਂ ਜਬਰੀ ਬਗਾਰ ਕਰਵਾਈ ਜਾਂਦੀ ਸੀ। ਉਹਨਾਂ ਨੂੰ ਕੰਮ ਕਰਵਾਉਣ ਦੇ ਬਦਲੇ ਪੂਰਾ ਮਿਹਨਤਾਨਾ ਵੀ ਨਹੀਂ ਦਿੱਤਾ ਜਾਂਦਾ ਸੀ।

"ਲੰਬੜਦਾਰ ਪਿੰਡ ਪੱਧਰ ਉੱਤੇ ਸਰਕਾਰੀ ਮੁਲਾਜ਼ਮ ਸੀ। ਉਹ ਆਪਣੇ ਉਤਲਿਆਂ ਦੀ ਸੇਵਾ ਲਈ ਉਤਾਵਲਾ ਰਹਿੰਦਾ। ਅਛੂਤਾਂ ਤੋਂ ਮਨ-ਮਰਜ਼ੀ ਨਾਲ ਬਿਨ੍ਹਾਂ ਇਵਜ਼ ਦੇ ਕੰਮ ਕਰਾਉਂਦਾ। ਉਸ ਤੋਂ ਕਮੀਨਾਂ ਸਮੇਤ ਬਾਕੀ ਲੋਕ ਬਹੁਤ ਡਰ ਕੇ ਰਹਿੰਦੇ ਕਿਉਂਕਿ ਉਹ ਠਾਣੇ ਵਿਚ ਜਾ ਜ਼ੈਲਦਾਰ ਕੋਲ ਜਾ ਕੇ ਕਿਸੇ ਦੀ ਵੀ ਸ਼ਿਕਾਇਤ ਕਰ ਸਕਦਾ ਸੀ। ਉਹਦੀ ਹਰ ਥਾਂ ਯਾਨੀ ਸਰਕਾਰੇ ਦਰਬਾਰੇ ਸੁਣੀ ਜਾਂਦੀ।"1

ਸਮਾਜ ਵਿਚ ਛੂਤ-ਛਾਤ ਦੇ ਕੋਹੜ ਨੂੰ ਦਲਿਤ ਦੇ ਨਿੱਜੀ ਅਨੁਭਵ ਰਾਹੀਂ ਹੀ ਸਹੀ ਰੂਪ ਵਿਚ ਵੇਖਿਆ ਜਾ ਸਕਦਾ ਹੈ। ਪਿੰਡ ਦੇ ਧਾਰਮਿਕ ਸਥਾਨਾਂ ਤੇ ਵੀ ਦਲਿਤਾਂ ਨਾਲ ਵਿਤਕਰਾ ਕੀਤਾ ਜਾਦਾਂ। ਸਿੱਖੀ ਸਰੂਪ ਵਾਲਾ ਗੁਰਦੁਆਰੇ ਦਾ ਭਾਈ ਵੀ ਮਾੜਾ ਸਲੂਕ ਕਰਦਾ ਸੀ ਜਿਵੇਂ :-

'ਹਾਅ ਚਮ੍ਹਾਰਲੀ ਨੂੰ ਦਬਕਾ ਮਾਰ ਕੇ ਪਰੇ ਠਾਅ ਜਰਾ।` ਗੁਰਦੁਆਰੇ ਦੀ ਇਮਾਰਤ ਦੀਆਂ ਤਾਕੀਆਂ ਨਾਲ ਸਾਨੂੰ ਚੂੰਬੜਿਆ ਤੇ ਇਕ ਦੂਜੇ ਦੇ ਉਤੋਂ ਦੀ ਪੱਬਾਂ ਭਾਰ ਸੀਖਾਂ ਫੜ-ਫੜ ਅੰਦਰ ਨੂੰ ਝਾਕਦਿਆਂ ਵੱਲ ਦੇਖ ਕੇ ਪ੍ਰਸ਼ਾਦ ਵੰਡਦਾ ਪਿੰਡ ਦਾ ਜੱਟ ਭਾਈ ਆਪਣੇ ਕੋਲ ਖੜ੍ਹੇ ਕਿਸੇ ਨੂੰ ਅਕਸਰ ਹੀ ਸੰਗਰਾਂਦ ਜਾਂ ਗੁਰਪੁਰਬ ਦੇ ਮੌਕੇ ਕਹਿੰਦਾ।"2

ਧਰਮ ਦੇ ਨਾਂ ਉਪਰ ਵੀ ਉਹਨਾਂ ਨੂੰ ਦਬਾਇਆ ਜਾਂਦਾ ਸੀ। ਦਿਨ ਚੜ੍ਹਦੇ ਸਾਰ ਹੀ ਤ੍ਰਿਸਕਾਰ ਪਰਛਾਵੇਂ ਵਾਂਗ ਪਿੱਛਾ ਕਰਦਾ। ਕਿਸੇ ਜ਼ਿੰਮੀਦਾਰ ਦੇ ਜਦੋਂ ਦਿਹਾੜੀ ਜਾਂਦੇ ਤਾਂ ਆਪਣੇ ਘਰੋਂ ਭਾਂਡੇ ਲੈ ਕੇ ਜਾਂਦੇ। ਰੋਟੀ ਉੱਚੀ ਕਰਕੇ ਉਪਰੋਂ ਹੀ ਸੁੱਟੀ ਜਾਂਦੀ ਸੀ।

ਉਹ ਆਰਥਿਕ ਮਜ਼ਬੂਰੀਆਂ ਕਰਕੇ ਜੱਟਾਂ ਦੇ ਕੰਮ ਕਰਦੇ। ਉੱਚੀ ਜਾਤੀ ਦੇ ਲੋਕ ਦਲਿਤਾਂ ਨੂੰ ਹਰ ਪੱਖੋਂ ਕਮਜ਼ੋਰ ਕਰਨਾ ਚਾਹੁੰਦੇ ਸਨ। ਉਹ ਉਹਨਾਂ ਦੇ ਮਨ ਨੂੰ ਠੇਸ ਪਹੁੰਚਾਉਣ ਦਾ ਹਰ ਹੀਲਾ ਕਰਦੇ। ਪਿੰਡ ਦੇ ਜਿੰਮੀਦਾਰ ਆਪਣੇ ਤੋਂ ਵਡੇਰੀ ਉਮਰ ਦੇ ਦਲਿਤ ਬਜੁਰਗਾਂ ਨੂੰ ਨਾਂ ਲੈ ਕੇ ਬੁਲਾਉਂਦੇ। ਮਾਧੋਪੁਰੀ ਦੀ ਦਾਦੀ ਸੌ ਸਾਲ ਦੀ ਉਮਰ ਭੋਗ ਚੁੱਕੀ ਸੀ ਪਰ ਪਿੰਡ ਦੀਆਂ ਜੱਟੀਆਂ ਉਹਦਾ ਨਾਂ ਲੈ ਕੇ ਬੁਲਾਉਂਦੀਆਂ। ਬਿਰਾਦਰੀ ਦੇ ਲੋਕ ਜਿੰਮੀਦਾਰਾਂ ਦੇ ਬੱਚਿਆਂ ਦੇ ਬੱਚਿਆਂ ਨੂੰ ਵੀ ਸਰਦਾਰ ਜੀ ਕਹਿ ਕੇ ਬੁਲਾਉਂਦੇ। ਇਸ ਵਤੀਰੇ ਦਾ ਕਾਰਨ ਲੇਖਕ ਜਮੀਨ ਦਾ ਹੰਕਾਰ ਮੰਨਦਾ ਹੈ। ਜੱਟ ਜਾਂ ਬ੍ਰਾਹਮਣ ਆਪਣਾ ਕੰਮ ਦਲਿਤਾਂ ਤੋਂ ਨਰਮਾਈ ਨਾਲ ਪੇਸ਼ ਆ ਕੇ ਕਰਵਾ ਲੈਂਦੇ ਸਨ ਪਰ ਮਤਲਬ ਨਿਕਲ ਜਾਣ ਤੇ ਤਾਹਨੇ-ਮਿਹਣੇ ਸ਼ੁਰੂ ਕਰ ਦਿੰਦੇ। ਲੇਖਕ ਅਨੁਸਾਰ ਜਾਤ-ਪਾਤ ਦਾ ਪਾੜਾ ਬ੍ਰਾਹਮਣਵਾਦੀ ਚਿੰਤਕਾਂ ਨੇ ਪਾਇਆ ਹੈ। ਬ੍ਰਾਹਮਣ ਆਪ ਤਾਂ ਮੰਗ ਕੇ ਖਾਂਦੇ ਹਨ ਪਰ ਮਿਹਨਤ ਕਰਨ ਵਾਲਿਆਂ ਨੂੰ ਤਿਸਕਾਰਦੇ ਹਨ। ਨੀਵੀਂ ਜਾਤ ਦੇ ਲੋਕਾਂ ਨੂੰ ਪਸ਼ੂਆਂ ਤੋਂ ਵੀ ਨੀਵਾਂ ਸਮਝਦੇ ਹਨ।

'ਛਾਂਗਿਆ ਰੁੱਖ` ਪੰਜਾਬੀ ਸਭਿਆਚਾਰ ਦੇ ਜੱਟ ਜਾਤ-ਪਾਤ ਵਿਤਕਰੇ ਵਿਚ ਜੂਨ ਹੰਢਾਉਂਦੇ ਚਮਾਰਾਂ ਨੂੰ ਪੇਸ਼ ਕਰਦੀ ਹੈ। ਪੁਰਾਣੀ ਪੀੜ੍ਹੀ ਜੋ ਕਿ ਅਨਪੜ੍ਹ ਹੈ, ਉਹ ਰਾਜ਼ਸੀ ਦੀ ਪਰੰਪਰਾ ਨੂੰ ਅੱਗੇ ਤੌਰ ਰਹੀ ਹੈ। ਜੱਟਾਂ ਦੁਆਰਾ ਉਹਨਾਂ ਦਾ ਤਿਸਕਾਰ ਕਰਨ ਤੇ ਵੀ ਦਲਿਤ ਉਹਨਾਂ ਨਾਲ ਹਲੀਮੀ ਨਾਲ ਪੇਸ਼ ਆਉਂਦੇ ਹਨ ਅਤੇ ਉਹਨਾਂ ਦੀ ਗੁਲਾਮੀ ਨੂੰ ਹੀ ਆਪਣਾ ਧਰਮ ਸਮਝਦੇ ਹਨ।

"ਅਸੀਂ ਕੰਮੀਆਂ-ਕਮੀਣਾਂ ਨੇ ਹੋਰ ਕਿੱਥੇ ਜਾਣਾ! ਥੁਆਡੇ ਬੱਟਾਂ-ਬੰਨਿਆਂ ਤੋਂ ਈ ਘਾਹ-ਪੱਠਾ ਖੋਤਣਾ ਆ।"3

ਇਸਦੇ ਬਾਵਜੂਦ ਵੀ ਸਮਾਜ ਵਿਚ ਫੁੰਮਣ ਵਰਗੇ ਲੋਕ ਹਨ ਜੋ ਜਾਤ-ਪਾਤ ਦਾ ਮਿਹਣਾ ਤਿਆਗਣ ਲਈ ਤਤਪਰ ਹਨ। ਉਹ ਪਿਤਾ-ਪੁਰਖੀ ਕਿੱਤੇ ਨੂੰ ਅਪਣਾ ਭਵਿੱਖ ਨਹੀਂ ਬਣਾਉਣਾ ਚਾਹੁੰਦਾ।

ਹਰੇਕ ਸਮਾਜ ਦੀਆਂ ਪ੍ਰਸਥਿਤੀਆਂ ਵਿਚ ਪਲੇ ਦਲਿਤਾਂ ਦਾ ਦੁੱਖ ਸਾਂਝਾ ਹੈ। ਲੇਖਕ ਨੇ ਦਲਿਤ ਪਛਾਣ ਦੇ ਸਮਸਿਆ ਨੂੰ ਨਜਦੀਕ ਤੋਂ ਦੇਖਿਆ ਹੈ। ਦਲਿਤਾਂ ਦਾ ਸਵੈ-ਮਾਣ ਉਹਨਾਂ ਦੀ ਆਰਥਿਕ ਮੰਦਹਾਲੀ ਦੇ ਸਾਹਮਣੇ ਹਾਰ ਮੰਨਦਾ ਦਿਖਾਈ ਦਿੰਦਾ ਹੈ। ਇਹ ਲੋਕ ਸਾਧਨ-ਵਿਹੀਣ ਹਨ। ਕਮਾਈ ਦੇ ਵਸੀਲੇ ਨਾ ਮਾਤਰ ਹਨ। ਜਾਤੀ ਵਿਤਕਰੇ ਪੈਰ-ਪੈਰ ਤੇ ਭੋਗਣੇ ਪੈਂਦੇ ਹਨ। ਲੇਖਕ ਦਲਿਤ ਪਰਿਵਾਰ ਵਿਚ ਪੈਦਾ ਹੋ ਕੇ ਆਰਥਿਕ ਤੰਗੀਆਂ ਦਾ ਕੌੜਾ ਅਨੁਭਵ ਹੰਢਾਉਂਦਿਆਂ ਇਹਨਾਂ ਮੁਸੀਬਤਾਂ ਨੂੰ ਬਾਖੂਬੀ ਪੇਸ਼ ਕਰਦਾ ਹੈ। ਜੋ ਜਿੰਮੀਦਾਰ ਉਹਨਾਂ ਦੇ ਪਰਛਾਵੇਂ ਨੂੰ ਵੀ ਬਰਦਾਸ਼ਤ ਨਹੀਂ ਕਰਦੇ ਉਹਨਾਂ ਦੇ ਘਰ ਮਜ਼ਬੂਰ ਹੋ ਕੇ ਕੰਮ ਕਰਨਾ ਪੈਂਦਾ ਹੈ। ਦਲਿਤ ਲੋਕ ਹੀ ਜਿੰਮੀਦਾਰਾਂ ਦੀਆਂ ਫਸਲਾਂ ਕਣਕ-ਮੱਕੀ ਨੂੰ ਉਹਨਾਂ ਦੀਆਂ ਕੋਠੀਆਂ-ਬਹਾਰੀਆਂ ਵਿਚ ਪਾਉਂਦੇ ਪਰ ਰੋਟੀ ਦੇਣ ਵੇਲੇ ਭਾਂਡਿਆਂ ਦੀ ਭਿੱਟ ਮੰਨਦੇ।

'ਅੱਜ ਅਸੀਂ ਬੋਹਲ ਵਿਚ ਨੰਗੇ ਪੈਰੀਂ ਤੁਰਦੇ ਫਿਰਦੇ ਆਂ, ਜਦੋਂ ਦਾਣੇ ਕੋਠੀ ਪੈ ਗਏ ਤਾਂ ਭਿੱਟ ਹੋਣ ਦਾ ਡਰ ਆ ਨਾਲੇ ਭਲਕੇ ਕੇਨੇ ਫੜਕਣ ਦੇਣਾ ਸਾਨੂੰ ਏਥੇ।"4

ਲੇਖਕ ਘਰ ਦੀ ਆਰਥਿਕ ਹਾਲਤ ਕਾਰਨ ਕੀੜਿਆਂ ਵਾਲ ਗੁੜ ਦੀ ਚਾਹ ਪੀਣ ਲਈ ਮਜ਼ਬੂਰ ਸੀ। ਅਮੀਰ ਲੋਰ ਆਪਣੇ ਮਤਲਬ ਲਈ ਇਹਨਾਂ ਤੋਂ ਕੰਮ ਤਾਂ ਲੈਂਦੇ ਸਨ ਪਰ ਇਹਨਾਂ ਦੀ ਹਾਲਤ ਸੁਧਾਰਣ ਵਿਚ ਕੋਈ ਮਦਦ ਨਹੀਂ ਕਰਦਾ ਸੀ। ਲੋਕਤੰਤਰੀ ਪ੍ਰਣਾਲੀ ਦੇ ਬਾਵਜੂਦ ਵੀ ਦਲਿਤਾਂ ਨੂੰ ਅਤਿ ਦੀ ਗਰੀਬੀ ਵਿਚੋਂ ਲੰਘਣਾ ਪੈ ਰਿਹਾ ਹੈ। ਸਰਦੀਆਂ ਵਿਚ ਪਾਉਣ ਲਈ ਗਰਮ ਕੱਪੜੇ ਵੀ ਨਾ ਜੁੜਦੇ। ਲੇਖਕ ਜੱਟਾਂ ਦੇ ਬੱਚਿਆਂ ਦੇ ਗਰਮ ਕੱਪੜੇ ਦੇਖ ਕੇ ਉਹਨਾਂ ਦਾ ਨਿੱਘ ਮਾਨਣ ਲਈ ਤਰਸਦਾ ਹੈ। ਡਾ. ਬਲਕਾਰ ਦੇ ਅਨੁਸਾਰ :-

"ਇਹ ਸਵੈਜੀਵਨੀ ਨਿਰੋਲ ਪੰਜਾਬ ਵਿਚ ਜਾਤੀ ਦਰਦ ਹੰਢਾਉਂਦੇ ਦਲਿਤ ਲੋਕਾਂ ਦੀ ਰਚਨਾ ਹੈ। ਸਾਰੀ ਸਵੈਜੀਵਨੀ ਦੀ ਸੰਰਚਨਾ ਇਸ ਜਾਤ-ਪਾਤ ਵਿਤਕਰੇ ਦੀਆਂ ਉਦਾਹਰਣਾਂ ਅਤੇ ਵਿਆਖਿਆਵਾਂ ਉੱਤੇ ਉਸਰੀ ਹੈ। ਜੱਟਾਂ ਦਾ ਚਮਾਰਾਂ ਨੂੰ ਦਬਕੇ ਮਾਰਨੇ, ਮਾਸਟਰ ਦਾ ਬੱਚਿਆਂ ਤੋਂ ਵਗਾਰ ਕਰਾਉਣਾ, ਚਮਾਰਾਂ ਦਾ ਮਰੇ ਪਸ਼ੂ ਚੁੱਕਣਾ, ਮਾਸ ਖਾਣਾ, ਬਰਸਾਤਾਂ ਵਿਚ ਡਿੱਗਦੇ ਘਰ, ਦਬਕਿਆਂ ਅੱਗੇ ਚਮਾਰਾਂ ਦਾ ਨਿਆਸਰਾਪੁਣ, ਨਵੀਂ ਉਮਰ ਦੇ ਮੁੰਡਿਆਂ ਦਾ ਵਿਦਰੋਹ, ਗੁਰਦੁਆਰੇ ਦੇ ਭਾਈ ਵੱਲੋਂ ਵਿਤਕਰਾ ਆਦਿ ਸਮਲੇ ਹਨ।"5

ਗਰੀਬਾਂ ਨੂੰ ਉਹਨਾਂ ਦੀ ਮਿਹਨਤ ਦਾ ਪੂਰਾ ਮੁੱਲ ਵੀ ਨਹੀਂ ਮਿਲਦਾ ਸੀ। ਜੇ ਦਲਿਤਾਂ ਕੋਲ ਕੁਝ ਜ਼ਮੀਨ ਹੁੰਦੀ ਤਾਂ ਉਹਨਾਂ ਦਾ ਗੁਜ਼ਾਰਾ ਸੋਖਾ ਹੋ ਜਾਣਾ ਸੀ। ਲੇਖਕ ਦਾ ਭਾਈਆ ਨਿਰਾਸ਼ਾਵਾਦੀ ਸੋਚ ਅਪਣਾਉਂਦਿਆਂ ਕਿਸਮਤ ਨੂੰ ਬੁਰਾ-ਭਲਾ ਕਹਿੰਦਾ ਹੈ। ਉੱਚੀ ਜਾਤ ਦੇ ਲੋਕਾਂ ਨੇ ਉਹਨਾਂ ਨੂੰ ਕਠਪੁੱਤਲੀ ਬਣਾ ਕੇ ਰੱਖਿਆ ਹੈ। ਲੇਖਕ ਦੱਸਦਾ ਹੈ ਕਿ ਬਰਸਾਤ ਹੋਵੇ ਜਾਂ ਔੜ, ਦਲਿਤਾਂ ਦੀਆਂ ਮੁਸ਼ਕਿਲਾਂ ਵੱਧਦੀਆਂ ਹੀ ਹਨ। ਬਰਸਾਤ ਦੇ ਮੋਸਮ ਵਿਚ ਕੱਚੇ ਕੋਠਿਆਂ ਦੇ ਡਿੱਗਣ, ਗੰਦੇ ਪਾਣੀ ਦਾ ਘਰਾਂ ਵਿਚ ਵੜ ਜਾਣਾ, ਬਾਲਣ ਦਾ ਗਿਲਾ ਹੋਣਾ ਆਦਿ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲੇਖਕ ਦੱਸਦਾ ਹੈ ਕਿ ਭਾਰਤ ਦੀ ਸਮਾਜਿਕ ਵਿਵਸਥਾ ਦੇ ਅਨੁਸਾਰ ਪਿੰਡ ਵਿਚ ਦਲਿਤਾਂ ਦੇ ਘਰ ਲਹਿੰਦੇ ਪਾਸੇ ਹੁੰਦੇ ਹਨ ਕਿਉਂਕਿ ਗੰਦੇ ਪਾਣੀ ਦਾ ਨਿਕਾਸ ਇਸੇ ਪਾਸੇ ਵੱਲ ਵਹਿੰਦਾ ਹੈ। ਦਲਿਤਾਂ ਨੂੰ ਸਮਾਜ ਵਿਚ ਕੋਈ ਪ੍ਰਤੀਨਿਧਤਾ ਨਹੀਂ। ਉਹ ਸਿਰਫ਼ ਕੰਮੀ ਹੀ ਹਨ।

ਸਵੈਜੀਵਨੀ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਦਲਿਤਾਂ ਦੇ ਨਰਕ ਭਰੇ ਜੀਵਨ ਵਿਚ ਹਿੰਦੂਆਂ ਦੇ ਵੇਦਾਂ, ਸਿਮਰਤੀਆਂ ਦਾ ਵੀ ਹੱਥ ਹੈ। ਦਲਿਤ ਔਰਤਾਂ ਨਾਲ ਵੀ ਮਾੜਾ ਵਿਵਹਾਰ ਕੀਤਾ ਜਾਂਦਾ ਹੈ। ਉਹਨਾਂ ਤੇ ਉੱਚੀ ਜਾਤ ਦੇ ਮਰਦ ਮਾੜੀ ਨਿਗਾਹ ਰੱਖਦੇ ਹਨ। ਉਹਨਾਂ ਦਾ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਹੈ। ਮਾਧੋਪੁਰੀ ਲਿਖਦਾ ਹੈ ਕਿ ਪੰਜਾਬ ਵਿਚ ਹੀ ਨਹੀਂ ਪੂਰੇ ਭਾਰਤ ਵਿਚ ਦਲਿਤ ਔਰਤਾਂ ਨਾਲ ਗਲਤ ਵਿਵਹਾਰ ਕੀਤਾ ਜਾਂਦਾ ਹੈ।

"ਤੁਮ ਲੋਗ ਜਮੀਨ ਕੇ ਟੁਕੜੇ ਦੀ ਗੱਲ ਕਰਦੇ ਹੋ... ਮੁਝੇ ਤੋ ਐਸਾ ਲਗਦਾ ਜੈਸੇ ਤੁਮ ਗਰੀਬੋਂ ਦੀ ਬਹੁ-ਬੇਟੀਆਂ ਉਨ ਕੀ ਸ਼ਾਮਲਾਤ ਹੋ .....।"6

ਭੱਈਏ ਦੇ ਵਿਚਾਰਾਂ ਤੋਂ ਪਤਾ ਲੱਗਦਾ ਹੈ ਕਿ ਉੱਚ ਜਾਤ ਦੇ ਲੋਕ ਮਾਨਸਿਕ ਸ਼ੋਸ਼ਣ ਦੇ ਨਾਲ ਸਰੀਰਕ ਸ਼ੋਸ਼ਣ ਕਰਨਾ ਆਪਣਾ ਹੱਕ ਸਮਝਦੇ ਹਨ। ਪਿੰਡਾਂ ਦੇ ਮੁਕਾਬਲੇ ਸ਼ਹਿਰਾਂ ਵਿਚ ਵੀ ਜਾਤ-ਪਾਤ ਬਾਰੇ ਖਾਸ ਫਰਕ ਨਹੀਂ ਪਿਆ ਹੈ। ਸ਼ਹਿਰੀ ਲੋਕ ਵੀ ਜਾਤ ਦੇਖ ਕੇ ਗੱਲ ਕਰਦੇ ਹਨ। ਲੇਖਕ ਨੂੰ ਦਿੱਲੀ ਵਿਚ ਮਕਾਨ ਕਿਰਾਏ ਤੇ ਲੈਣ ਲਈ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ। ਉੱਥੇ ਵੀ ਜਾਤ ਨੇ ਉਸਦਾ ਪਿੱਛਾ ਨਾ ਛੱਡਿਆ। ਬੇਜਮੀਨੇ ਹੋਣ ਦੀ ਲਾਹਨਤ ਉਸ ਦਾ ਪਿੱਛਾ ਨਹੀਂ ਛੱਡਦੀ। ਰਾਜਨੀਤਿਕ ਪਛਾਣ ਦੀ ਗੱਲ ਕਰੀਏ ਤਾਂ ਸਾਰੀਆਂ ਪਾਰਟੀਆਂ ਦੇ ਨੇਤਾ ਦਲਿਤਾਂ ਦੇ ਹਮਦਰਦ ਬਣ ਕੇ ਵੋਟਾਂ ਵਿਚ ਲਾਰਾ ਲੈਂਦੇ ਹਨ। ਮਾਧੋਪੁਰੀ ਵੀ 1974-75 ਵਿਚ ਭਾਰਤੀ ਕਮਿਉਨਿਸਟ ਪਾਰਟੀ ਦਾ ਕਾਰਕੁੰਨ ਬਣਿਆ ਸੀ। ਪਰ ਉੱਥੇ ਵੀ ਜਾਤ ਉਸਦਾ ਪਿੱਛਾ ਨਹੀਂ ਛੱਡਦੀ। ਉਸਨੂੰ ਹੀਣ-ਭਾਵਨਾ ਦਾ ਸ਼ਿਕਾਰ ਹੋਣਾ ਪੈਂਦਾ ਹੈ।

1947 ਤੋਂ ਬਾਅਦ ਭਾਰਤੀ ਸਮਾਜ ਵਿਚ ਦਲਿਤਾਂ ਨੂੰ ਸਿਰਫ ਕਾਗਜਾਂ ਵਿਚ ਹੀ ਹੱਕ ਮਿਲੇ ਹਨ। ਮਾਧੋਪੁਰੀ ਕਹਿੰਦਾ ਹੈ ਕਿ ਭਾਵੇਂ ਸਾਰੇ ਜਣੇ ਸਿੱਖ ਧਰਮ ਨੂੰ ਅਪਣਾ ਲੈਣ ਭਾਵੇਂ ਕਿਸੇ ਹੋਰ ਧਰਮ ਨੂੰ ਪਰ ਹਿੰਦੂ ਨਾ ਰਹਿਣਾ। ਡਾ. ਅੰਬੇਦਕਰ ਦਾ ਹਵਾਲਾ ਦਿੰਦਾ ਕਹਿੰਦਾ ਹੈ ਕਿ :-

"ਮੈਂ ਤਾਂ ਕਈਨ੍ਹਾ ਪਈ ਕਿਸੇ ਇੱਕ ਪਾਸੇ ਹੋ ਕੇ ਮਰ ਜਾਓ ਸਾਰੇ ਜਣੇ-ਚਾਹੇ ਜਿੱਧਰ ਮਰਜ਼ੀ ਮਰ ਜਾਓ। ਚਾਹੇ ਸਿੱਖ ਬਣ ਜਾਓ ਚਾਹੇ ਕੁਝ ਹੋਰ ਪਰ ਹਿੰਦੂ ਨਾ ਰਹੋ-ਏਸ ਨਰਕ `ਚੋਂ ਨਿਕਲੋ।"7

ਲੇਖਕ ਦਾ ਪਿਤਾ ਉਸਨੂੰ ਪੜ੍ਹਣ-ਲਿਖਣ ਲਈ ਕਹਿੰਦਾ ਹੈ ਇਸ ਨਾਲ ਉਸਨੂੰ ਜੱਟਾਂ ਦੀ ਗੁਲਾਮੀ ਨਹੀਂ ਕਰਨੀ ਪਵੇਗੀ। ਲੇਖਕ ਭਾਰਤ ਦੇ ਪ੍ਰਧਾਨ ਮੰਤਰੀ ਰਹਿ ਚੁੱਕੇ ਸ਼੍ਰੀ ਲਾਲ ਬਹਾਦਰ ਸ਼ਾਸਤਰੀ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੈ। ਮਾਧੋਪੁਰੀ ਨੇ ਦਲਿਤ ਜੀਵਨ ਦੀ ਗਾਥਾ ਨੂੰ ਯਥਾਰਥ ਦੇ ਨਿਰੀਖਣ ਤੇ ਚੇਤਨਾ ਦੇ ਵਿਭਿੰਨ ਪਾਸਾਰਾਂ ਨੂੰ ਪਿੰਡ ਤੋਂ ਲੈ ਕੇ ਦਿੱਲੀ ਤੱਕ ਅਨਪੜ੍ਹ ਤੋਂ ਲੈ ਕੇ ਪੜ੍ਹੇ-ਲਿਖੇ ਵਰਗ ਤੱਕ, ਬੱਚਿਆਂ ਤੋਂ ਲੈ ਕੇ ਬੁੱਢਿਆਂ ਤੱਕ। ਖਹਿੰਦੇ, ਜਟ ਦੇ ਰ ਰੂਪ ਵਿੱਚ ਟਕਰਦੇ ਵਿਰੋਧ ਦੀ ਦੁਨੀਆਂ `ਚ ਉਲਝਦੇ ਦੀ ਵਿਆਖਿਆ ਹੈ। ਮਾਧੋਪੁਰੀ ਦਲਿਤ ਮੁਕਤੀ ਲਈ ਇਕ ਪਾਸੇ ਅੰਬੇਦਕਰ ਦੇ ਮਾਡਲ ਤੋਂ ਪ੍ਰੇਰਨਾ ਲੈਂਦਾ ਹੈ ਤੇ ਦੂਜੇ ਪਾਸੇ ਆਰਥਿਕ ਬਰਾਬਰੀ ਅਤੇ ਸਮਾਜਿਕ ਨਿਯਮਾਂ ਦੇ ਮਾਰਕਸਵਾਦੀ ਮਾਡਲ ਨੂੰ ਆਪਣੇ ਚਿੰਤਨ ਦਾ ਅਧਾਰ ਬਣਾਉਂਦਾ ਹੈ।

## ਹਵਾਲੇ :

1. ਬਲਵੀਰ ਮਾਧੋਪੁਰੀ, ਛਾਂਗਿਆ ਰੁੱਖ, ਪੰਨਾ-20
2. ਉਹੀ, ਪੰਨਾ-26
3. ਉਹੀ, ਪੰਨਾ-45
4. ਉਹੀ, ਪੰਨਾ-48
5. ਡਾ. ਬਲਕਾਰ ਸਿੰਘ, "ਦਲਿਤ ਸਵੈਜੀਵਨੀ : ਸਵੈ ਪਛਾਣ ਦਾ ਸੰਕਟ", ਦਲਿਤ ਦ੍ਰਿਸ਼ਟੀ (ਸੰਪਾ.), ਡਾ. ਸਰਬਜੀਤ ਸਿੰਘ, ਪੰਨਾ-163
6. ਬਲਵੀਰ ਮਾਧੋਪੁਰੀ, ਛਾਂਗਿਆ ਰੁੱਖ, ਪੰਨਾ-89
7. ਉਹੀ, ਪੰਨਾ-77